# ਸਕੱਤਰ (ਈ. ਆਰ.) ਦਾ ਕਜ਼ਾਕਿਸਤਾਨ ਦਾ ਅਧਿਕਾਰਤ ਦੌਰਾ (ਮਈ 20-21, 2024)

ਮਈ 17, 2024

ਵਿਦੇਸ਼ ਮੰਤਰਾਲੇ ਵਿੱਚ ਸਕੱਤਰ (ਆਰਥਿਕ ਸਬੰਧ - ER), ਸ਼੍ਰੀ ਦੰਮੂ ਰਵੀ, 20-21 ਮਈ, 2024 ਨੂੰ ਅਸਤਾਨਾ, ਕਜ਼ਾਕਿਸਤਾਨ ਦਾ ਦੌਰਾ ਕਰਨਗੇ।

2. ਅਸਤਾਨਾ ਵਿੱਚ, ਸਕੱਤਰ (ER), 21 ਮਈ, 2024 ਨੂੰ SCO ਵਿਦੇਸ਼ ਮੰਤਰੀਆਂ ਦੀ ਪਰਿਸ਼ਦ ਦੀ ਬੈਠਕ ਵਿੱਚ ਭਾਰਤ ਸਰਕਾਰ ਦੀ ਨੁਮਾਇੰਦਗੀ ਕਰਨਗੇ। ਬੈਠਕ ਦੇ ਵਿੱਚ SCO ਕੌਂਸਲ ਦੇ ਮੁਲਕਾਂ ਦੇ ਮੁਖਿਆਵਾਂ ਦੇ ਆਉਣ ਵਾਲੇ ਸਮੇ ਵਿੱਚ ਹੋਣ ਵਾਲੇ ਸਿਖਰ ਸੰਮੇਲਨ ਦੀਆਂ ਤਿਆਰੀਆਂ, SCO ਵਿੱਚ ਚੱਲ ਰਹੇ ਸਹਿਯੋਗ ਦੀ ਸਮੀਖਿਆ ਅਤੇ ਸਾਂਝੀ ਚਿੰਤਾ ਦੇ ਖੇਤਰੀ ਅਤੇ ਵਿਸ਼ਵਵਿਆਪੀ ਵਿਕਾਸ ਬਾਰੇ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ ਜਾਵੇਗਾ।

3. ਦੌਰੇ ਦੇ ਦੌਰਾਨ, ਸਕੱਤਰ (ER) ਦੀ SCO ਮੈਂਬਰ ਮੁਲਕਾਂ ਦੇ ਆਪਣੇ ਹਮਰੁਤਬਾ ਨਾਲ ਅਤੇ ਕਜ਼ਾਕਿਸਤਾਨ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਨਾਲ ਬੈਠਕ ਕਰਨ ਦੀ ਵੀ ਉਮੀਦ ਹੈ।

**ਨਵੀਂ ਦਿੱਲੀ**
**ਮਈ 17, 2024**